# ਪ੍ਰੈਸ ਨੋਟ

**ਜਿਲ੍ਹਾ ਪੁਲਿਸ ਮੁੱਖੀ ਵੱਲੋਂ ਖੁੱਦ ਪੁਲਿਸ ਕ੍ਰਮਚਾਰੀ ਦੇ ਜਨਮ ਦਿਨ ਦਾ ਕੇਕ ਕੱਟ ਕੇ ਦਿੱਤੀ ਵਧਾਈ**

ਸ੍ਰੀ ਮੁਕਤਸਰ ਸਾਹਿਬ (                    ) ਮਾਨਯੋਗ ਮੁੱਖ ਮੰਤਰੀ ਅਤੇ ਡੀ.ਜੀ.ਪੀ ਪੰਜਾਬ ਪੁਲਿਸ ਜੀ ਵੱਲੋਂ ਬੀਤੇ ਦਿਨੀ ਪੁਲਿਸ ਕ੍ਰਮਚਾਰੀਆਂ ਅਤੇ ਅਧਿਕਾਰੀਆ ਦੀਆਂ ਖੁਸ਼ੀਆ ਵਿੱਚ ਸ਼ਰੀਕ ਹੋਣ ਲਈ ਇਹ ਹਦਾਇਤਾ ਜਾਰੀ ਕੀਤੀ ਗਈਆ ਸਨ ਕਿ 24 ਘੰਟੇ ਲਾਗਾਤਾਰ ਆਪਣੀ ਡਿਊਟੀ ਤੇ ਹਾਜ਼ਰ ਰਹਿਣ ਵਾਲੇ ਪੁਲਿਸ ਕ੍ਰਮਚਾਰੀਆਂ ਦੇ ਜਨਮ ਦਿਨ ਅਤੇ ਹੋਰ ਖੁਸ਼ੀ ਦੇ ਮੌਕੇ ਉਹਨ੍ਹਾਂ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਸ਼ਾਮਿਲ ਹੋ ਕਿ ਮਨਾਏ ਜਾਣਗੇ। ਇਹਨ੍ਹਾਂ ਹਦਾਇਤਾ ਦੀ ਪਾਲਣਾ ਵਿੱਚ ਅਤੇ ਆਪਣੇ ਮਾਤਾਹਿਤ ਸਟਾਫ ਨੂੰ ਹੋਸਲਾ ਅਫਜ਼ਾਈ ਦੇਣ ਦੇ ਮਕਸਦ ਨਾਲ ਇਸ ਜਿਲ੍ਹਾ ਦੇ ਸੀਨੀਅਰ ਕਪਤਾਨ ਪੁਲਿਸ ਸ੍ਰੀ ਧਰੂਮਨ ਐੱਚ ਨਿੰਬਾਲੇ ਆਈ.ਪੀ.ਐਸ. ਅਤੇ ਹੋਰ ਸੀਨੀਅਰ ਪੁਲਿਸ ਅਫਸਰਾਂ ਵੱਲੋਂ ਆਏ ਦਿਨ ਆਪਣੇ ਅਧੀਨ ਸਟਾਫ ਦੇ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ। ਇਹਨ੍ਹਾ ਖੁਸ਼ੀ ਦੇ ਦਿਹਾੜਿਆ ਦੀ ਲੜੀ ਵਿੱਚ ਹੋਰ ਵਾਧਾ ਕਰਦਿਆ ਬੀਤੇ ਕੱਲ ਜਿਲ੍ਹਾ ਪੁਲਿਸ ਮੁੱਖੀ ਵੱਲੋਂ ਖੁੱਦ ਆਪਣੇ ਦਫਤਰ ਅੰਦਰ ਇੱਕ ਵੱਡਾ ਕੇਕ ਮੰਗਵਾ ਕੇ ਤੇ ਆਪਣੇ ਸਮੁੱਚੇ ਸਟਾਪ ਅਤੇ ਸੀਨੀਅਰ ਅਫਸਰਾਂ ਦੀ ਹਾਜ਼ਰੀ ਵਿੱਚ ਸ.ਥ ਗੁਰਮੀਤ ਸਿੰਘ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਗੁਰਮੀਤ ਸਿੰਘ ਦੇ ਜਨਮ ਦਿਨ ਦੀਆਂ ਖੁਸ਼ੀਆਂ ਵਿੱਚ ਉਸ ਸਮੇਂ ਹੋਰ ਵੀ ਵਾਧਾ ਹੋ ਗਇਆ ਜਦੋਂ ਉਸ ਵੱਲੋਂ ਕੱਟੇ ਜਾ ਰਹੇ ਕੇਕ ਪਰ ਵਧਾਈ ਦਿੰਦਿਆਂ ਸ੍ਰੀ ਨਿੰਬਾਲੇ ਵੱਲੋਂ ਖੁੱਦ ਆਪਣੇ ਹੱਥਾਂ ਨਾਲ ਉਸ ਨੂੰ ਕੇਕ ਖਵਾ ਕੇ ਉਸ ਦੇ ਬਹਿਤਰ ਭਵਿੱਖ ਅਤੇ ਲੰਬੀ ਉਮਰ ਦੀ ਕਾਮਨਾ ਕੀਤੀ। ਇਸ ਮੌਕੇ  ਜਿਲ੍ਹਾ ਪੁਲਿਸ ਦਫਤਰ ਵਿਖੇ ਤਇਨਾਤ ਸ੍ਰੀ ਜਗਦੀਸ਼ ਬਿਸ਼ਨੋਈ ਕਪਤਾਨ ਪੁਲਿਸ ਸਥਾਨਕ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਜਿਲ੍ਹਾਂ ਪੁਲਿਸ ਦਫਤਰ ਦਾ ਸਟਾਫ ਹਾਜ਼ਰ ਸੀ। ਇਸ ਮੌਕੇ ਇਕ ਸਨਮਾਨ ਨਿਸ਼ਾਨੀ ਵੱਲੋਂ ਵਿਭਾਗ ਵੱਲੋਂ ਸ੍ਰੀ ਗੁਰਮੀਤ ਸਿੰਘ ਏ.ਐਸ.ਆਈ ਨੂੰ ਇੱਕ ਵਿਸ਼ੇਸ਼ ਕਿਸਮ ਦਾ ਸਰਟੀਫਿਕੇਟ ਜੋ ਪੰਜਾਬ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਸੀ ਨੂੰ ਦੇ ਕੇ ਉਸ ਦਾ ਹੌਸਲਾ ਅਫਜਾਈ ਕੀਤੀ ਗਈ।